# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ, ਐਸ.ਏ.ਐਸ. ਨਗਰ

**ਯਾਦ ਪੱਤਰ-2**

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਪੰਜਾਬ।

ਮੀਮੋ ਨੰ: 10/112-18 ਸੇਪ੍ਰ (2) /598
ਮਿਤੀ : ਐਸ.ਏ.ਐਸ. ਨਗਰ: 29-5-18

ਵਿਸ਼ਾ:- ਈ.ਟੀ.ਟੀ., ਐਚ.ਟੀ., ਸੀ.ਐਚ.ਟੀ. ਅਤੇ ਬੀ.ਪੀ.ਈ.ਓ. ਦੀਆਂ ਸੀਨੀਆਰਤਾ ਸੂਚੀਆਂ ਦਰੁਸਤ ਕਰਕੇ ਵੈਬਸਾਈਟ ਤੇ ਪਾਉਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਮੀਮੋ ਨੰ: 10/112-18 ਸੇਪ੍ਰ (4)/1577/590 ਮਿਤੀ 17.05.18 ਅਤੇ 24.05.18 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਗਿਆ ਸੀ ਕਿ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਆਪ ਵੱਲੋਂ ਈ.ਟੀ.ਟੀ., ਐਚ.ਟੀ., ਸੀ.ਐਚ.ਟੀ. ਅਤੇ ਬੀ.ਪੀ.ਈ.ਓ. ਦੀਆਂ ਜੋ ਸੀਨੀਆਰਤਾਂ ਸੂਚੀਆਂ ਤਿਆਰ ਕੀਤੀਆਂ ਗਈਆਂ ਹਨ, ਉਸ ਵਿੱਚ ਬਹੁਤ ਗਲਤੀਆਂ ਹਨ। ਜਿਸ ਕਰਕੇ ਇਸ ਦਫ਼ਤਰ ਵਿੱਚ ਵੱਖ-2 ਅਧਿਆਪਕਾਂ ਵੱਲੋਂ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਉਹ ਆਪਣੇ ਕਾਡਰ ਵਿੱਚ ਸੀਨੀਅਰ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਪੱਦ-ਉੱਨਤ ਨਹੀਂ ਕੀਤਾ ਜਾ ਰਿਹਾ।

ਇਸ ਲਈ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਦੀਆਂ ਹਦਾਇਤਾਂ / ਨਿਯਮਾਂ ਅਨੁਸਾਰ ਵਿਸ਼ਾ ਅੰਕਿਤ ਕਾਡਰਾਂ ਦੀਆਂ ਸੀਨੀਆਰਤਾ ਸੂਚੀਆਂ ਦਰੁਸਤ ਕਰਕੇ ਵੈਬਸਾਈਟ ਤੇ ਪਾਈਆਂ ਜਾਣ ਅਤੇ ਸਾਰੇ ਕਾਡਰਾਂ ਦੇ ਅਧਿਆਪਕਾਂ ਤੋਂ ਇਤਰਾਜ ਮੰਗੇ ਜਾਣ। ਜੇਕਰ ਕਿਸੇ ਅਧਿਆਪਕ ਵੱਲੋਂ ਸੀਨੀਆਰਤਾ ਸਬੰਧੀ ਇਤਰਾਜ ਪ੍ਰਾਪਤ ਹੁੰਦੇ ਹਨ ਤਾਂ ਉਨ੍ਹਾਂ ਦੇ ਸਵੈ ਸਪੱਸ਼ਟ ਆਰਡਰ ਕਰਦੇ ਹੋਏ ਨਿਪਟਾਰਾ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਉਪਰੰਤ ਹਰੇਕ ਕਾਡਰ ਦੀ ਫਾਈਨਲ ਸੀਨੀਆਰਤਾ ਸੂਚੀ ਵੈਬਸਾਈਟ ਤੇ ਪਾਈ ਜਾਵੇ, ਤਾਂ ਜੋ ਹਰ ਇੱਕ ਅਧਿਆਪਕ ਨੂੰ ਆਪਣੀ ਸੀਨੀਆਰਤਾ ਸਬੰਧੀ ਸੂਚਨਾਂ ਆਸਾਨੀ ਨਾਲ ਪ੍ਰਾਪਤ ਹੋ ਸਕੇ। ਇਸ ਪ੍ਰਕਿਰਿਆ ਨੂੰ ਨਿਯਮਾਂ ਅਨੁਸਾਰ ਨੇਪਰੇ ਚੜਾਉਂਦੇ ਹੋਏ ਮਿਤੀ 10 ਜੂਨ 2018 ਤੱਕ ਹਰ ਹਾਲਤ ਵਿੱਚ ਮੁਕੰਮਲ ਕਰ ਲਿਆ ਜਾਵੇ ਅਤੇ ਇਸ ਦੀ ਰਿਪੋਰਟ ਇਸ ਦਫ਼ਤਰ ਨੂੰ ਸਾਫਟ ਕਾਪੀ ਅਤੇ ਹਾਰਡ ਕਾਪੀ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ। ਇਸ ਵਿੱਚ ਬਿਲਕੁਲ ਵੀ ਕੁਤਾਹੀ ਨਾ ਵਰਤੀ ਜਾਵੇ। ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ। ਦੇਰੀ/ਅਣਗਹਿਲੀ ਕਾਰਨ ਨਿਕਲਣ ਵਾਲੇ ਸਿੱਟਿਆਂ ਦੇ ਤੁਸੀਂ ਖੁਦ ਜਿੰਮੇਵਾਰ ਹੋਵੋਗੇ।

**ਨੋਟ :** ਵੱਖ-2 ਅਧਿਆਪਕਾਂ ਵੱਲੋਂ ਪ੍ਰਾਪਤ ਇਤਰਾਜ ਅਤੇ ਉਨ੍ਹਾਂ ਦੇ ਨਿਪਟਾਰੇ ਸਬੰਧੀ ਰਿਕਾਰਡ ਦਫ਼ਤਰ ਵਿੱਚ ਮੇਨਟੇਨ ਕਰਕੇ ਰੱਖਿਆ ਜਾਵੇ ਜੋ ਕਿਸੇ ਸਮੇਂ ਵੀ ਚੈੱਕ ਕੀਤਾ ਜਾ ਸਕਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।